Transport for NSW

# ਸੜਕ ਸੁਰੱਖਿਆ

## ਆਪਣੇ ਬੱਚੇ ਦਾ ਹੱਥ ਫੜ੍ਹੋ

ਤੁਹਾਡੇ ਬੱਚੇ ਦਾ ਧਿਆਨ ਆਸਾਨੀ ਨਾਲ ਭਟਕ ਸਕਦਾ ਹੈ ਅਤੇ ਉਹ ਡਰਾਈਵਰਾਂ ਵੱਲੋਂ ਦੇਖੇ ਜਾਣ ਲਈ ਬਹੁਤ ਛੋਟਾ ਹੋ ਸਕਦਾ ਹੈ। ਉਹ ਅਜੇ ਵੀ ਅਜਿਹੇ ਹੁਨਰ ਵਿਕਸਿਤ ਕਰ ਰਹੇ ਹਨ ਜੋ ਉਹਨਾਂ ਨੂੰ ਖ਼ਤਰਿਆਂ ਦਾ ਅੰਦਾਜ਼ਾ ਲਗਾਉਣ ਜਾਂ ਪਛਾਣ ਕਰਨ ਵਿੱਚ ਮੱਦਦ ਕਰਦੇ ਹਨ ਅਤੇ ਉਹ ਅਕਸਰ ਜਲਦਬਾਜ਼ੀ ਵਿੱਚ ਕੁੱਝ ਕਰ ਸਕਦੇ ਹਨ।

ਜਦੋਂ ਤੁਹਾਡਾ ਬੱਚਾ ਬਾਹਰ ਹੁੰਦਾ ਹੈ ਤਾਂ ਹਮੇਸ਼ਾ ਇੱਕ ਬਾਲਗ਼ ਵਿਅਕਤੀ ਨੂੰ ਉਸ ਦੀ ਸੁਰੱਖਿਆ ਲਈ ਜ਼ਿੰਮੇਵਾਰ ਹੋਣਾ ਚਾਹੀਦਾ ਹੈ।

ਆਪਣੇ ਬੱਚੇ ਨਾਲ ਫੁੱਟਪਾਥ 'ਤੇ ਸੁਰੱਖਿਅਤ ਵਿਵਹਾਰ ਕਰਨ ਬਾਰੇ ਗੱਲ ਕਰੋ। ਇਹ ਖੇਡਣ ਲਈ ਸੁਰੱਖਿਅਤ ਜਗ੍ਹਾ ਨਹੀਂ ਹੈ ਕਿਉਂਕਿ ਇਹ ਸੜਕ ਦੇ ਨੇੜੇ ਹੈ ਅਤੇ ਵਾਹਨ ਡਰਾਈਵ-ਵੇਅ ਵਿੱਚ ਦਾਖਲ ਹੋ ਜਾਂ ਬਾਹਰ ਆ ਰਹੇ ਹੋ ਸਕਦੇ ਹਨ।

ਜਦੋਂ ਤੱਕ ਤੁਹਾਡਾ ਬੱਚਾ ਘੱਟੋ-ਘੱਟ 8 ਸਾਲ ਦਾ ਨਹੀਂ ਹੋ ਜਾਂਦਾ, ਇਨ੍ਹਾਂ ਥਾਵਾਂ 'ਤੇ ਹਮੇਸ਼ਾ ਉਸ ਦਾ ਹੱਥ ਫੜ੍ਹੋ:

- ਫੁੱਟਪਾਥ 'ਤੇ
- ਕਾਰ ਪਾਰਕ ਵਿੱਚ
- ਸੜਕ ਪਾਰ ਕਰਨ ਵੇਲੇ।

ਫਿਰ, ਘੱਟੋ-ਘੱਟ 10 ਸਾਲ ਦੀ ਉਮਰ ਤੱਕ, ਆਪਣੇ ਬੱਚੇ ਦੀ ਬਹੁਤ ਕਰੀਬ ਤੋਂ ਨਿਗਰਾਨੀ ਕਰੋ, ਅਤੇ ਸੜਕ ਪਾਰ ਕਰਦੇ ਸਮੇਂ ਉਸਦਾ ਹੱਥ ਫੜ੍ਹੋ।

ਜੇਕਰ ਤੁਸੀਂ ਆਪਣੇ ਬੱਚੇ ਦੇ ਨਾਲ ਨਹੀਂ ਹੋ ਸਕਦੇ, ਤਾਂ ਕਿਸੇ ਹੋਰ ਭਰੋਸੇਯੋਗ ਬਾਲਗ਼ ਵਿਅਕਤੀ ਨੂੰ ਉਸ ਦੇ ਨਾਲ ਰਹਿਣ ਲਈ ਕਹੋ।

ਸਕੂਲ ਦੀ ਸਮਾਪਤੀ ਸਮੇਂ, ਹੋ ਸਕਦਾ ਹੈ ਕਿ ਤੁਹਾਡਾ ਬੱਚਾ ਉਤਸ਼ਾਹਿਤ, ਧਿਆਨ ਭਟਕਿਆ ਹੋਇਆ ਜਾਂ ਥੱਕਿਆ ਹੋਇਆ ਹੋਵੇ ਅਤੇ ਆਸ-ਪਾਸ ਹੋ ਰਹੀਆਂ ਚੀਜ਼ਾਂ 'ਤੇ ਧਿਆਨ ਨਾ ਦੇ ਰਿਹਾ ਹੋਵੇ। ਆਪਣੇ ਬੱਚੇ ਨੂੰ ਸਕੂਲ ਦੇ ਗੇਟ 'ਤੇ ਮਿਲ ਕੇ ਉਹਨਾਂ ਨੂੰ ਸੁਰੱਖਿਅਤ ਰਹਿਣ ਵਿੱਚ ਮੱਦਦ ਕਰੋ। ਕਦੇ ਵੀ ਉਨ੍ਹਾਂ ਨੂੰ ਸੜਕ ਦੇ ਪਾਰ ਨਾ ਬੁਲਾਓ।

**ਬੱਚੇ ਤੁਹਾਡੇ ਤੋਂ ਸੜਕ 'ਤੇ ਸੁਰੱਖਿਅਤ ਰਹਿਣ ਦੀਆਂ ਆਦਤਾਂ ਸਿੱਖਦੇ ਹਨ ਅਤੇ ਇਨ੍ਹਾਂ ਨੂੰ ਉਦੋਂ ਵੀ ਜਾਰੀ ਰੱਖਦੇ ਹਨ ਜਦੋਂ ਉਹ ਇਕੱਲੇ ਸਫ਼ਰ ਕਰਨ ਦੀ ਉਮਰ ਦੇ ਹੋ ਜਾਂਦੇ ਹਨ।**

ਬੱਚਿਆਂ ਨੂੰ ਸੜਕ ਦੇ ਮਾਹੌਲ ਵਿੱਚ ਸੁਰੱਖਿਅਤ ਰੱਖਣ ਬਾਰੇ ਵਧੇਰੇ ਜਾਣਕਾਰੀ ਲਈ, **safetytown.com.au** 'ਤੇ ਪਰਿਵਾਰ ਸੈਕਸ਼ਨ 'ਤੇ ਜਾਓ।




**ਮੁੱਖ ਸੜਕ ਸੁਰੱਖਿਆ ਸੁਨੇਹੇ ਜੋ ਤੁਸੀਂ ਆਪਣੇ ਕਿੰਡਰਗਾਰਟਨ ਤੋਂ ਲੈ ਕੇ ਦੂਜੀ ਜਮਾਤ ਤੱਕ ਦੇ ਬੱਚੇ ਨਾਲ ਸਾਂਝੇ ਕਰ ਸਕਦੇ ਹੋ:**

- ਕਿਸੇ ਵੱਡੇ ਵਿਅਕਤੀ ਦਾ ਹੱਥ ਫੜ੍ਹੋ, ਜਦੋਂ:
  - ਤੁਸੀਂ ਸੜਕ ਪਾਰ ਕਰਦੇ ਹੋ
  - ਤੁਸੀਂ ਫੁੱਟਪਾਥ 'ਤੇ ਹੁੰਦੇ ਹੋ
  - ਤੁਸੀਂ ਕਾਰ ਪਾਰਕ ਵਿੱਚ ਹੁੰਦੇ ਹੋ

**ਮੁੱਖ ਸੜਕ ਸੁਰੱਖਿਆ ਸੁਨੇਹੇ ਜੋ ਤੁਸੀਂ ਆਪਣੇ 3 ਤੋਂ ਲੈ ਕੇ 6ਵੀਂ ਜਮਾਤ ਤੱਕ ਦੇ ਬੱਚੇ ਨਾਲ ਸਾਂਝੇ ਕਰ ਸਕਦੇ ਹੋ:**

- (ਜਦੋਂ ਤਕ ਤੁਸੀਂ ਘੱਟੋ-ਘੱਟ 10 ਸਾਲ ਦੇ ਨਹੀਂ ਹੁੰਦੇ), ਸੜਕ ਪਾਰ ਕਰਦੇ ਸਮੇਂ ਕਿਸੇ ਬਾਲਗ਼ ਦਾ ਹੱਥ ਫੜ੍ਹੋ।
- ਸੜਕ ਪਾਰ ਕਰਨ ਲਈ ਸੁਰੱਖਿਅਤ ਥਾਂ ਦੀ ਵਰਤੋਂ ਕਰੋ।
- **ਰੁਕੋ! ਦੇਖੋ! ਸੁਣੋ! ਸੋਚੋ!** ਹਰੇਕ ਵਾਰ ਜਦੋਂ ਤੁਸੀਂ ਸੜਕ ਪਾਰ ਕਰਦੇ ਹੋ ਅਤੇ ਸੁਰੱਖਿਅਤ ਤਰੀਕੇ ਨਾਲ ਪਾਰ ਹੋਣ ਤੱਕ ਦੇਖਦੇ ਰਹੋ।

ਸਟਾਕ ਕੋਡ 45095293 ਜੂਨ 2024 © Transport for NSW